**Media Release**

ਤੁਰੰਤ ਰਿਲੀਜ ਲਈ

# ਸਿਟੀ 29 ਮਈ ਤੋਂ 4 ਜੂਨ ਤੱਕ, ਐਕਸੈਸੀਬਲ ਸਪੋਰਟਸ ਵੀਕ ਮਨਾਵੇਗੀ

ਬ੍ਰੈਂਪਟਨ, ਓਨਟੈਰੀਓ (17 ਮਈ, 2022) – ਸਿਟੀ ਦੀ ਐਕਸੈਸੀਬਿਲਿਟੀ ਟੀਮ ਦੇ ਨਾਲ ਮਿਲ ਕੇ, ਸਿਟੀ ਆਫ ਬ੍ਰੈਂਪਟਨ ਦੀ ਰੇਕ੍ਰੀਏਸ਼ਨ ਡਿਵੀਜਨ, ਨੈਸ਼ਨਲ ਐਕਸੈਸੀਬਿਲਿਟੀ ਵੀਕ (National Accessibility Week) ਦੇ ਦੌਰਾਨ, 29 ਮਈ ਤੋਂ 4 ਜੂਨ ਤੱਕ ਬ੍ਰੈਂਪਟਨ ਵਿੱਚ ਐਕਸੈਸੀਬਲ ਸਪੋਰਟਸ ਵੀਕ (Accessible Sports Week) ਦੀ ਮੇਜਬਾਨੀ ਕਰੇਗੀ।

ਬ੍ਰੈਂਪਟਨ ਵਿੱਚ ਐਕਸੈਸੀਬਲ ਸਪੋਰਟਸ ਵੀਕ ਦੇ ਦੌਰਾਨ, ਕਈ ਤਰ੍ਹਾਂ ਦੀਆਂ ਗ੍ਰਹਿਣ ਕੀਤੀਆਂ ਸਪੋਰਟਸ ਅਤੇ ਸਿਟੀ ਦੀਆਂ ਫੈਸਿਲਿਟੀਜ, ਪ੍ਰੋਗਰਾਮ ਅਤੇ ਸੇਵਾਵਾਂ ਨੂੰ ਪ੍ਰਦਰਸ਼ਿਤ ਕੀਤਾ ਜਾਵੇਗਾ। ਸਿਟੀ, ਪੂਰਾ ਸਾਲ ਹਿੱਸਾ ਲੈਣ ਵਿੱਚ ਆਉਣ ਵਾਲੀਆਂ ਰੁਕਾਵਟਾਂ ਨੂੰ ਦੂਰ ਕਰਨ ਅਤੇ ਇਹ ਯਕੀਨੀ ਬਣਾਉਣ ਦਾ ਯਤਨ ਕਰਦੀ ਹੈ ਕਿ ਸਾਰੇ ਨਿਵਾਸੀਆਂ ਦੀ, ਵਿਆਪਕ ਰੇਂਜ ਵਿੱਚ ਸਪੋਰਟ ਅਤੇ ਫਿਟਨੈਸ ਪ੍ਰੋਗਰਾਮਿੰਗ ਸਮੇਤ, ਰੇਕ੍ਰੀਏਸ਼ਨ ਸੇਵਾਵਾਂ ਤੱਕ ਪਹੁੰਚ ਹੈ।

ਕਾਰਜਕਰਮਾਂ ਵਿੱਚ ਸ਼ਾਮਲ ਹਨ, ਪੂਰਾ ਹਫਤਾ ਅਜਮਾਉਣ ਵਾਲੀਆਂ ਵੱਖ-ਵੱਖ ਸਪੋਰਟਸ, ਜਿਵੇਂ ਵ੍ਹੀਲਚੇਅਰ ਬਾਸਕੇਟਬਾਲ, ਸਿਟਿੰਗ ਵਾਲੀਬਾਲ, ਸਲੇਜ ਹਾਕੀ ਆਦਿ। ਐਕਸੈਸੀਬਿਲਿਟੀ ਫੇਅਰ (Accessibility Fair) ਅਤੇ ਮਲਟੀ-ਸਪੋਰਟ ਸ਼ੋਅਕੇਸ (Multi-Sport Showcase) ਦਾ ਆਯੋਜਨ, ਸ਼ਨੀਵਾਰ, 4 ਜੂਨ ਨੂੰ ਸੇਵ ਮੈਕਸ ਸਪੋਰਟਸ ਸੈਂਟਰ (Save Max Sports Centre) ਵਿਖੇ, ਦੁਪਹਿਰ ਬਾਅਦ 1 ਵਜੇ ਤੋਂ ਸ਼ਾਮ 5 ਵਜੇ ਤੱਕ ਹੋਵੇਗਾ। ਸਾਰੇ ਕਾਰਜਕਰਮ ਮੁਫਤ ਅਤੇ ਡ੍ਰੌਪ-ਇਨ (ਬਿਨਾਂ ਬੁੱਕ ਕੀਤੇ) ਪ੍ਰੋਗਰਾਮ ਹਨ।

ਨੈਸ਼ਨਲ ਐਕਸੈਸੀਬਿਲਿਟੀ ਵੀਕ ਦੇ ਜਸ਼ਨ ਦੇ ਮੌਕੇ ਤੇ, ਸ਼ੁੱਕਰਵਾਰ, 3 ਜੂਨ ਨੂੰ ਲੋਫਰਸ ਲੇਕ ਰੇਕ੍ਰੀਏਸ਼ਨ ਸੈਂਟਰ (Loafer's Lake Recreation Centre) ਵਿਖੇ, ਸ਼ਾਮ 6:30 ਵਜੇ ਤੋਂ ਰਾਤ 10:30 ਵਜੇ ਤੱਕ, ਇਨਕਲੂਜਨ ਡਿਨਰ ਅਤੇ ਡਾਂਸ ਹੋਵੇਗਾ। ਇਸ ਵਾਸਤੇ ਰਜਿਸਟਰੇਸ਼ਨ ਜ਼ਰੂਰੀ ਹੈ।

ਐਕਸੈਸੀਬਲ ਸਪੋਰਟਸ ਵੀਕ ਦੇ ਕਾਰਜਕਰਮਾਂ ਬਾਰੇ ਹੋਰ ਜਾਣਕਾਰੀ ਲਈ ਇੱਥੇ ਕਲਿੱਕ ਕਰੋ (Click here to learn more about Accessible Sports Week events)।

## ਸਿਟੀ ਦੇ ਮਲਟੀ-ਯੀਅਰ ਐਕਸੈਸੀਬਿਲਿਟੀ ਪਲਾਨ ਬਾਰੇ ਆਪਣਾ ਫੀਡਬੈਕ ਪ੍ਰਦਾਨ ਕਰੋ

2022 ਤੋਂ 2026 ਤੱਕ ਲਈ, ਸਿਟੀ ਆਫ ਬ੍ਰੈਂਪਟਨ ਦਾ ਮਲਟੀ-ਯੀਅਰ ਐਕਸੈਸੀਬਿਲਿਟੀ ਪਲਾਨ (ਐਮ.ਏ.ਪੀ.) (Multi-Year Accessibility Plan) (MAP), ਪਹੁੰਚਯੋਗਤਾ ਸਬੰਧੀ ਰੁਕਾਵਟਾਂ ਨੂੰ ਘਟਾਉਣ, ਰੋਕਣ ਅਤੇ ਦੂਰ ਕਰਨਾ ਜਾਰੀ ਰੱਖਣ ਲਈ ਅਤੇ ਸਾਡੇ ਪ੍ਰੋਗਰਾਮਾਂ, ਸੇਵਾਵਾਂ ਅਤੇ ਫੈਸਿਲਿਟੀਜ ਲਈ ਪਹੁੰਚਯੋਗਤਾ ਨੂੰ ਵਧਾਉਣ ਲਈ, ਸਿਟੀ ਦਾ ਪਲਾਨ ਹੈ।

ਐਮ.ਏ.ਪੀ. (MAP), ਉਹਨਾਂ ਕਾਰਵਾਈਆਂ ਦਾ ਸਾਰ ਹੈ, ਜੋ ਅਸੀਂ ਕਾਰੋਬਾਰਾਂ ਨੂੰ ਸ਼ਾਮਲ ਕਰਨ, ਸਾਡੀ ਨੀਂਹ ਨੂੰ ਮਜ਼ਬੂਤ ਬਣਾਉਣ ਅਤੇ ਸੱਭਿਆਚਾਰਕ ਬਦਲਾਅ ਵਿੱਚ ਵਾਧਾ ਕਰਨ ਲਈ ਕਰ ਰਹੇ ਹਾਂ, ਜਿਸ ਨਾਲ ਬ੍ਰੈਂਪਟਨ ਦੇ ਸਾਰੇ ਨਾਗਰਿਕ, ਰੋਜ਼ਾਨਾ ਦੀਆਂ ਗਤੀਵਿਧੀਆਂ ਵਿੱਚ ਹਿੱਸਾ ਲੈ ਸਕਣਗੇ, ਜਿਹਨਾਂ ਵਿੱਚ ਸ਼ਾਮਲ ਹਨ, ਕੰਮ ਕਰਨਾ; ਪਬਲਿਕ ਟ੍ਰਾਂਜ਼ਿਟ ਲੈਣਾ; ਔਨਲਾਈਨ ਸੇਵਾਵਾਂ ਦੀ ਵਰਤੋਂ ਕਰਨਾ; ਖੇਡਾਂ ਸਬੰਧੀ ਅਤੇ ਸੱਭਿਆਚਾਰਕ ਕਾਰਜਕਰਮਾਂ ਵਿੱਚ ਸ਼ਾਮਲ ਹੋਣਾ; ਅਤੇ ਰੇਕ੍ਰੀਏਸ਼ਨ ਫੈਸਿਲਿਟੀਜ, ਪਾਰਕਾਂ ਅਤੇ ਹੋਰ ਪਬਲਿਕ ਥਾਵਾਂ ਦਾ ਅਨੰਦ ਮਾਣਨਾ।

ਇਸ ਵੇਲੇ ਸਿਟੀ, ਡ੍ਰਾਫਟ ਐਮ.ਏ.ਪੀ. ਬਾਰੇ ਫੀਡਬੈਕ ਮੰਗ ਰਹੀ ਹੈ। ਇੱਕ ਸੰਖਿਪਤ ਸਰਵੇਖਣ ਵਿੱਚ ਆਪਣੇ ਵਿਚਾਰ ਸਾਂਝੇ ਕਰਨ ਲਈ ਇੱਥੇ ਕਲਿੱਕ ਕਰੋ (Click here to share your thoughts in a brief survey)।

**ਹਵਾਲੇ**

"ਮੈਂ ਹਰ ਕਿਸੇ ਨੂੰ ਸਲਾਹ ਦਿੰਦਾ ਹਾਂ ਕਿ, 29 ਮਈ ਤੋਂ 4 ਜੂਨ ਤੱਕ ਬ੍ਰੈਂਪਟਨ ਵਿੱਚ, ਨੈਸ਼ਨਲ ਐਕਸੈਸੀਬਿਲਿਟੀ ਵੀਕ ਅਤੇ ਐਕਸੈਸੀਬਲ ਸਪੋਰਟਸ ਵੀਕ ਮਨਾਉਣ ਵਿੱਚ ਸਾਡੇ ਨਾਲ ਜੁੜੋ। ਬ੍ਰੈਂਪਟਨ ਇੱਕ ਸਿਹਤਮੰਦ ਅਤੇ ਸੁਰੱਖਿਅਤ ਸ਼ਹਿਰ ਹੈ, ਜਿੱਥੇ ਸਾਰੇ ਨਿਵਾਸੀਆਂ ਦੀ, ਉਹਨਾਂ ਦੀ ਤੰਦਰੁਸਤੀ ਵਾਸਤੇ ਮੌਜੂਦ ਰੇਕ੍ਰੀਏਸ਼ਨ ਸੇਵਾਵਾਂ ਤੱਕ ਪਹੁੰਚ ਹੈ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਸਿਟੀ ਦਾ, 2022 ਤੋਂ 2026 ਤੱਕ ਲਈ, ਮਲਟੀ-ਯੀਅਰ ਐਕਸੈਸੀਬਿਲਿਟੀ ਪਲਾਨ ਸਾਡੇ ਪ੍ਰੋਗਰਾਮਾਂ ਅਤੇ ਬ੍ਰੈਂਪਟਨ ਵਿੱਚ ਐਕਸੈਸੀਬਲ ਸਪੋਰਟਸ ਵੀਕ ਵਰਗੀਆਂ ਪਹਿਲਕਦਮੀਆਂ, ਸੇਵਾਵਾਂ ਅਤੇ ਫੈਸਿਲਿਟੀਜ ਲਈ, ਪਹੁੰਚਯੋਗਤਾ ਦੀ ਹਿਮਾਇਤ ਕਰੇਗਾ। ਡ੍ਰਾਫਟ ਪਲਾਨ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਲਈ ਥੋੜ੍ਹਾ ਸਮਾਂ ਕੱਢੋ, ਜੋ ਸਾਡੇ ਸ਼ਹਿਰ ਵਿੱਚ – ਹਰ ਕਿਸੇ ਲਈ ਵਾਧਾ ਕਰਨ ਵਿੱਚ ਮਦਦ ਕਰੇਗਾ।"

- *ਰੋਏਨਾ ਸੈਨਟੋਸ (Rowena Santos), ਰੀਜਨਲ ਕਾਊਂਸਲਰ, ਵਾਰਡਸ 1 ਅਤੇ 5; ਚੇਅਰ, ਕਮਿਊਨਿਟੀ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਇਸ ਐਕਸੈਸੀਬਲ ਸਪੋਰਟਸ ਵੀਕ ਦੇ ਮੌਕੇ ਤੇ, ਬ੍ਰੈਂਪਟਨਵਾਸੀ ਆਪਣੀਆਂ ਲੋੜਾਂ ਦੇ ਮੁਤਾਬਕ, ਵਿਆਪਕ ਰੇਂਜ ਵਾਲੀ ਸਪੋਰਟ ਅਤੇ ਫਿਟਨੈਸ ਪ੍ਰੋਗਰਾਮਿੰਗ ਲਈ ਰਜਿਸਟਰ ਕਰ ਸਕਦੇ ਹਨ। ਅਸੀਂ ਗ੍ਰਹਿਣ ਕੀਤੀਆਂ ਸਪੋਰਟਸ ਦੀ ਮੇਜਬਾਨੀ ਕਰਕੇ ਇਹਨਾਂ ਵਿੱਚ ਹਿੱਸਾ ਲੈਣ ਸਬੰਧੀ ਰੁਕਾਵਟਾਂ ਨੂੰ ਦੂਰ ਕਰ ਰਹੇ ਹਾਂ, ਤਾਂ ਜੋ ਹਰ ਕੋਈ ਸਿਹਤਮੰਦ ਅਤੇ ਸਰਗਰਮ ਰਹਿ ਸਕੇ।"

- *ਪੈਟ ਫੋਰਟਿਨੀ (Pat Fortini), ਰੀਜਨਲ ਕਾਊਂਸਲਰ, ਵਾਰਡਸ 7 ਅਤੇ 8, ਐਕਸੈਸੀਬਿਲਿਟੀ ਐਡਵਾਈਜਰੀ ਕਮੇਟੀ ਕਾਊਂਸਿਲ ਮੈਂਬਰ, ਸਿਟੀ ਆਫ ਬ੍ਰੈਂਪਟਨ; ਮੈਂਬਰ, ਰੀਜਨ ਆਫ ਪੀਲ ਐਕਸੈਸੀਬਿਲਿਟੀ ਐਡਵਾਈਜਰੀ ਕਮੇਟੀ*

"ਸਿਟੀ ਦਾ ਸਟਾਫ, ਸ਼ਮੂਲੀਅਤ ਵਾਲੀ ਰੇਕ੍ਰੀਏਸ਼ਨ ਪ੍ਰੋਗਰਾਮਿੰਗ ਪ੍ਰਦਾਨ ਕਰਨ ਲਈ ਸਮਰਪਿਤ ਹੈ। ਕਾਰਜਕਰਮਾਂ ਵਿੱਚ ਸ਼ਾਮਲ ਹੋ ਕੇ, ਐਕਸੈਸੀਬਲ ਸਪੋਰਟਸ ਵੀਕ ਦਾ ਜਸ਼ਨ ਮਨਾਓ ਅਤੇ ਬ੍ਰੈਂਪਟਨ ਦੇ ਨਵੇਂ ਮਲਟੀ-ਯੀਅਰ ਐਕਸੈਸੀਬਿਲਿਟੀ ਪਲਾਨ ਬਾਰੇ ਆਪਣਾ ਫੀਡਬੈਕ ਪ੍ਰਦਾਨ ਕਰੋ।"

- *ਪਾੱਲ ਮੋਰਿਸਨ (Paul Morrison), ਇੰਟਰਿਮ ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca